## ਭਗਤ ਜਨਾਂ ਕਉ ਦੇਹੁਰਾ ਫਿਰੈ

**ਹਸਤ ਖੇਲਤ ਤੇਰੇ ਦੇਹੁਰੇ ਆਇਆ।।**
**ਭਗਤਿ ਕਰਤ ਨਾਮਾ ਪਕਰਿ ਉਠਾਇਆ।।੧।।**

ਇਹ ਸ਼ਬਦ ਭਗਤ ਨਾਮਦੇਵ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੧੧੬੪ ਤੇ, ਭੈਰਉ ਰਾਗ ਵਿਚ ਸੁਭਾਇਮਾਨ ਹੈ।

ਇਸ ਸ਼ਬਦ ਵਿਚ ਭਗਤ ਜੀ ਬਿਆਨ ਕਰਦੇ ਹਨ ਕਿ ਉਹ ਆਪਣੀ ਨੀਵੀਂ ਜਾਤ ਕਰ ਕੇ, ਹਿੰਦੂ ਬ੍ਰਾਹਮਣ ਵਰਗ ਵਲੋਂ ਪੂਜਾ ਦੇ ਸਥਲ, ਮੰਦਰ ਵਿਚੋਂ ਜ਼ਬਰਦਸਤੀ ਬਾਹਰ ਕਢੇ ਜਾਂਦੇ ਹਨ। ਇਹ ਗਲ ਭਗਤ ਜੀ ਨੇ ਬਰਦਾਸ਼ਤ ਨਹੀਂ ਕੀਤੀ। ਧਰਮ ਦੇ ਇਤਿਹਾਸ ਵਿਚ ਇਹ ਵੇਖਣ ਵਿਚ ਆਇਆ ਹੈ ਕਿ ਕਿਸੇ ਵੀ ਭਗਤ ਜੀ ਦੀ ਮਰਜ਼ੀ ਦੇ ਖਿਲਾਫ਼ ਉਨ੍ਹਾਂ ਨੂੰ ਕਿਸੇ ਕਿਸਮ ਦੀ ਜਾਤਨਾ ਨਹੀਂ ਦਿਤੀ ਜਾ ਸਕੀ। ਕਿਉਂਕਿ ਹਰ ਪੁਜੇ ਹੋਏ ਭਗਤ ਵਿਚ ਅਥਾਹ ਰੱਬੀ ਸ਼ਕਤੀ ਹੁੰਦੀ ਹੈ। ਭਗਤ ਕਬੀਰ ਜੀ ਨੂੰ ਵੀ ਜਦੋਂ ਸੰਗਲਾ ਵਿਚ ਬੰਨ੍ਹ ਕੇ ਗੰਗਾ ਵਿਚ ਰੋੜ੍ਹ ਦਿਤਾ ਗਿਆ ਸੀ, ਉਨ੍ਹਾਂ ਦੀ ਆਪਣੀ ਮਰਜ਼ੀ ਨਾ ਹੋਣ ਕਰਕੇ ਉਹ ਨਹੀਂ ਡੁਬੇ ਸਗੋਂ ਜ਼ਜੀਰਾਂ ਹੀ ਬੇੜੀ ਬਣ ਗਈਆਂ ਤੇ ਆਪ ਉਪਰ ਚੜ੍ਹ ਬੈਠੇ - 'ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ।। ਮ੍ਰਿਗਛਾਲਾ ਪਰ ਬੈਠੇ ਕਬੀਰ।।' , ਪੰਨਾ ੧੧੬੨.

ਇਹ ਗਲ ਵਖਰੀ ਹੈ ਕਿ ਜਦੋਂ ਕਿਤੇ ਰੱਬ ਦੀ ਅਜਿਹੀ ਰਜ਼ਾ ਰਹੀ ਹੋਵੇ ਤਾਂ ਫ਼ਿਰ ਭਗਤ ਜਨਾਂ ਨੇ ਰਜ਼ਾ ਮੰਨ ਕੇ ਅਸਹਿ ਤੇ ਅਕਹਿ ਤਸੀਹੇ ਵੀ ਸਹਾਰ ਲਏ, ਅਤੇ ਸ਼ਹੀਦੀਆਂ ਵੀ ਪਾ ਲਈਆਂ। ਸ੍ਰੀ ਗੁਰੂ ਅਰਜਨ ਸਾਹਿਬ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਜਿਹੀਆਂ ਵਡੀਆਂ ਮਿਸਾਲਾਂ ਹਨ। ਪਰ ਭਗਤ ਪ੍ਰਹਲਾਦ, ਕਬੀਰ, ਨਾਮਦੇਵ, ਸੈਣ, ਰਵਿਦਾਸ ਜੀਓ ਆਦਿ ਨੇ ਮੁਖਾਲਫ਼ਤ ਦਾ ਪੂਰਾ ਜਵਾਬ ਦਿਤਾ ਅਤੇ ਪ੍ਰਭੂ ਨੇ ਸਪੱਸ਼ਟ ਅਤੇ ਪ੍ਰਤਖ ਤੌਰ ਤੇ ਭਗਤ ਜਨਾਂ ਦੀ ਪੈਜ ਵੀ ਰਖੀ। ਭਗਤ ਪ੍ਰਹਲਾਦ ਦੀ ਖਾਤਰ ਤਾਂ ਪ੍ਰਭੂ ਨੂੰ ਨਰ ਸਿੰਘ ਦਾ ਭੇਸ ਬਣਾਉਣਾ ਵੀ ਠੀਕ ਲਗਿਆ - 'ਭਗਤਿ ਹੇਤਿ ਨਰਸਿੰਘ ਭੇਵ।।' ਆਪ ਨਰਾਇਣ ਰੂਪ ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ ਕਿਸੇ ਦੋਖੀ ਨੂੰ ਨੇੜੇ ਨਹੀਂ ਲਗਣ ਦਿਤਾ ਅਤੇ ਸੋਧ ਦਿਤਾ, ਵਰਨਾ ਕਾਅਬਾ ਸ਼ਰੀਫ਼ ਵਲ ਪੈਰ ਕਰਨ ਤੇ ਕੋਈ ਜ਼ਿੰਦਾ ਵਾਪਸ ਨਹੀਂ ਆ ਸਕਦਾ।

**ਸ਼ਬਦ ਦੀ ਵੀਚਾਰ :**

-- ਇਥੇ ਉਪਰੋਕਤ ਸ਼ਬਦ ਵਿਚ ਭਗਤ ਜੀ ਆਪਣੀ ਹੱਡਬੀਤੀ ਦਸਦੇ ਹਨ ਕਿ ਇਕ ਵੇਰ ਉਹ ਹਸਦੇ ਖੇਡਦੇ, ਆਪਣੀ ਮੌਜ ਵਿਚ ਇਕ ਮੰਦਰ ਵਿਚ ਚਲੇ ਗਏ।

ਇਥੇ ਇਹ ਸਪੱਸ਼ਟ ਹੋ ਰਿਹਾ ਹੈ ਕਿ ਭਗਤ ਜੀ ਮੰਦਰ ਵਿਚ ਆਮ ਨਹੀਂ ਸਨ ਜਾਇਆ ਕਰਦੇ। ਛੋਟੀ ਜ਼ਾਤ ਵਾਲਿਆਂ ਨੂੰ ਮੰਦਰ ਆਦਿ ਜਾਣ ਅਤੇ ਪੂਜਾ-ਪਾਠ ਕਰਣ ਦੀ ਸਖ਼ਤ ਮਨਾਹੀ ਸੀ। ਇਤਿਹਾਸ ਇਸ ਕੌੜੀ ਸਚਿਆਈ ਦਾ ਗਵਾਹ ਹੈ।

-- ਉਥੇ ਪੰਡਤਾਂ ਨੇ ਉਨ੍ਹਾਂ ਨੂੰ ਭਗਤੀ, ਭਾਵ, ਸਿਮਰਨ ਕਰਣ ਬੈਠੇ ਨੂੰ ਪਕੜ ਕੇ ਬਾਹਰ ਕਢ ਦਿਤਾ।

ਸਪੱਸ਼ਟ ਹੈ ਕਿ ਉਚੀ ਜ਼ਾਤ ਬ੍ਰਾਹਮਣਾਂ ਨੇ ਮੰਦਰ ਵਿਚ, ਨੀਚ ਜਾਤਿ ਦਾ ਜਾਣ ਕੇ, ਉਨ੍ਹਾਂ ਦਾ ਆਇਆ ਬਰਦਾਸ਼ਤ ਨਹੀਂ ਕੀਤਾ ਤੇ ਬਾਹੋਂ ਪਕੜ ਕੇ ਮੰਦਰ ਤੋਂ ਬਾਹਰ ਕਢ ਦਿਤਾ।

**ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥**
**ਛੀਪੇ ਕੇ ਜਨਮਿ ਕਾਹੇ ਕਉ ਆਇਆ॥੧॥ਰਹਾਉ॥**

-- ਭਗਤ ਜੀ ਪ੍ਰਭੂ ਪਾਸ ਪਹੁੰਚ ਕਰਦੇ ਹਨ, ਫ਼ਰਿਆਦ ਕਰਦੇ ਹਨ ਅਤੇ ਦਸਦੇ ਕਿ ਹੇ ਮੇਰੇ ਜਾਦਮ ਰਾਇ, ਪ੍ਰਭੂ ! ਮੇਰੀ ਜਾਤਿ ਹੀਣ, ਭਾਵ, ਨੀਵੀਂ ਹੈ।

ਜਾਦਮ, ਭਾਵ ਯਾਦਵ। ਰਾਇਆ, ਭਾਵ, ਰਾਜਾ। ਯਾਦਵਾਂ ਦਾ ਰਾਜਾ। ਇਥੇ ਸ੍ਰੀ ਕ੍ਰਿਸ਼ਨ ਜੀ ਨੂੰ ਗੁਰ-ਜੋਤਿ ਜਾਣ ਕੇ, ਉਨ੍ਹਾਂ ਨੂੰ ਸੰਬੋਧਿਤ ਹੋ ਕੇ ਆਪਣਾ ਦੁਖੜਾ ਫ਼ੋਲਿਆ ਹੈ।

-- ਭਗਤ ਜੀ ਕਹਿੰਦੇ ਹਨ ਕਿ ਮੈਂ ਛੀਂਬੇ ਦੇ ਜਨਮ ਵਿਚ ਕਿਉਂ ਆ ਗਿਆ !੧।ਰਹਾਉ।

ਭਾਵ ਇਹ ਕਿ, ਨਾ ਮੈਂ ਇਸ ਨੀਵੀਂ ਜਾਤਿ ਵਿਚ ਆਉਂਦਾ ਤੇ ਨਾ ਮੇਰੀ ਇੰਝ ਬੇਇਜ਼ਤੀ ਹੁੰਦੀ। ਸਪੱਸ਼ਟ ਹੈ, ਇਥੇ ਭਗਤ ਜੀ ਨੂੰ ਬੇਇਜ਼ਤੀ ਕਰਵਾਉਣੀ ਮਨਜ਼ੂਰ ਨਹੀਂ ਹੈ, ਤਾਂ ਹੀ ਤਾਂ ਆਪਣੇ ਇਸ਼ਟ ਦੇਵ ਅਗੇ ਪਹੁੰਚ ਕੀਤੀ ਹੈ।

**ਲੈ ਕਮਲੀ ਚਲਿਓ ਪਲਟਾਇ॥**
**ਦੇਹੁਰੈ ਪਾਛੈ ਬੈਠਾ ਜਾਇ॥੨॥**

-- ਭਗਤ ਨਾਮਦੇਵ ਜੀ ਨੇ ਆਪਣੀ ਕੰਬਲੀ ਲਈ ਤੇ ਵਾਪਸ ਬਾਹਰ ਆ ਗਏ।

-- ਦੇਹੁਰਾ, ਭਾਵ, ਮੰਦਰ। ਭਗਤ ਜੀ ਮੰਦਰ ਦੇ ਪਿਛਵਾੜੇ ਜਾ ਕੇ ਬਹਿ ਗਏ।੨।

ਕਹਿਣ ਦਾ ਭਾਵ, ਜੇ ਉਨ੍ਹਾਂ ਨੂੰ ਕੋਈ ਸਮਸਿਆ ਨਾ ਮਹਿਸੂਸ ਹੋਈ ਹੁੰਦੀ ਤਾਂ ਉਥੋਂ ਚੁਪ ਕਰ ਕੇ ਵਾਪਸ ਚਲੇ ਗਏ ਹੁੰਦੇ। ਪਰ ਇਸ ਤੋਂ ਜ਼ਾਹਿਰ ਹੁੰਦਾ ਸੀ ਕਿ ਭਗਤ ਪ੍ਰਹਲਾਦ ਜੀ ਵਾਂਙੂੰ ਉਨ੍ਹਾਂ ਨੇ ਕੁਝ ਹੋਰ ਹੀ ਠਾਣ ਰਖਿਆ ਹੈ - 'ਤਿਨਿ ਤਉ ਅਉਰੈ ਠਾਨੀ'। ਭਗਤ ਜੀ ਨੇ ਕੁਝ ਕਰ ਕੇ ਦਿਖਾਉਣ ਦਾ ਠਾਣ ਲਿਆ ਤਾਂ ਹੀ ਤਾਂ ਉਥੇ ਹੀ ਪਿਛਵਾੜੇ ਬੈਠ ਗਏ, ਨਹੀਂ ਤਾਂ ਚਲੇ ਜਾਂਦੇ।

**ਜਿਉ ਜਿਉ ਨਾਮਾ ਹਰਿ ਗੁਣ ਉਚਰੈ॥**
**ਭਗਤ ਜਨਾਂ ਕਉ ਦੇਹੁਰਾ ਫਿਰੈ॥੩॥੬॥**

-- ਉਥੇ ਬੈਠ ਕੇ ਪਰਮਾਤਮਾ ਦੇ ਗੁਣ ਉਚਾਰਣ/ਸਿਮਰਣ ਕਰਣ ਲਗ ਪਏ। ਜਿਉਂ ਜਿਉਂ ਉਹ ਪ੍ਰਭੂ ਦੇ ਗੁਣ ਉਚਾਰਦੇ ਗਏ, ਸਿਮਰਨ ਕਰਦੇ ਗਏ ...

-- ਨਾਮਦੇਵ ਜੀ ਵਰਗੇ ਭਗਤ ਜਨ ਦੀ ਖ਼ਾਤਰ ਦੇਹੁਰਾ, ਭਾਵ, ਮੰਦਰ ਫ਼ਿਰਦਾ ਗਿਆ ਅਤੇ ਉਸਨੇ ਘੁੰਮ ਕੇ ਭਗਤ ਜੀ ਵਲ ਮੂੰਹ ਕਰ ਲਿਆ।੩।੬।

ਇਸ ਤੱਥ ਦੀ ਗਵਾਹੀ ਗੁਰਬਾਣੀ ਵਿਚ ਕਈ ਥਾਂ ਭਰੀ ਗਈ ਹੈ। ਮਲਾਰ ਰਾਗ ਵਿਚ, ੧੨੯੨ ਪੰਨੇ ਤੇ, ਭਗਤ ਜੀ ਖ਼ੁਦ ਹੀ ਆਪਣੀ ਇਸ ਦੌਰਾਨ ਦੀ ਸੋਚ ਨੂੰ ਸਪੱਸ਼ਟ ਕੀਤਾ ਹੈ ਕਿ ਉਹ ਚਾਹੁੰਦੇ ਸਨ ਕਿ 'ਜਾਦਮ ਰਾਇਆ' ਆਪਣੇ ਭਗਤ ਵੱਛਲ ਹੋਣ ਦੇ ਬਿਰਦ, ਮੁਢ ਕਦੀਮਾਂ ਦੇ ਸੁਭਾਅ ਹੋਣ ਦੀ ਪੈਜ, ਇਜ਼ਤ ਰਖੇ - 'ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ॥ ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥ ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥ ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ

ਪਿਛੰਉਡੀ ਹੋਇਲਾ।। ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ।। ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ।।' ਇਸ ਸ਼ਬਦ ਵਿਚ ਭਗਤ ਜੀ ਫ਼ੁਰਮਾਣ ਕਰਦੇ ਹਨ ਕਿ "**ਪੰਡਿਆਂ ਨੂੰ ਆਪਣੀ ਉਚੀ ਜ਼ਾਤ ਦਾ ਭਰਮ ਹੋਣ ਕਰਕੇ ਉਹ ਸਾਰੇ, ਮੇਰੇ ਮੰਦਰ ਵੜਨ ਤੇ, ਮੇਰੇ ਤੇ ਕ੍ਰੋਧਿਤ ਹੋਏ। ਮੈਨੂੰ ਨੀਚ ਕਹਿ ਕਹਿ ਕੇ ਮੈਨੂੰ ਮਾਰ ਕੇ ਉਠਾ ਦਿਤਾ। ਹੇ ਮੇਰੇ ਬਾਪ, ਮਾਲਕ ਬੀਠਲ, ਭਗਵਾਨ ! ਮੈਂ ਕੀ ਕਰਦਾ। ਤੂੰ ਜੇ ਹੁਣ ਉਨ੍ਹਾਂ ਨੂੰ ਸਬਕ ਨਾ ਸਿਖਾ ਕੇ, ਮੇਰੇ ਮਰੇ ਦੇ ਬਾਅਦ, ਮੇਰੀ ਭਗਤੀ ਕਰ ਕੇ, ਮੈਨੂੰ ਮੁਕਤੀ ਦੇ ਵੀ ਦਿਤੀ ਤਾਂ ਕਿਸੇ ਨੂੰ ਕੀ ਪਤਾ ਲਗਦਾ ਕਿ ਮੈਂ ਤੇਰਾ ਭਗਤ ਹਾਂ ਅਤੇ ਤੂੰ ਭਗਤ ਵੱਛਲ ! ਇਹ ਪੰਡੇ ਮੈਨੂੰ ਢੇਢ, ਭਾਵ, ਨੀਚ ਕਹਿ ਕੇ ਚਿੜ੍ਹਾਉਂਦੇ ਹਨ। ਕਿਉਂ ਜੁ ਮੈਂ ਤਾਂ ਤੇਰਾ ਭਗਤ ਹਾਂ, ਇਸ ਕਰਕੇ ਇਹ ਤਾਂ ਤੇਰੀ ਹੀ ਇਜ਼ਤ ਨੂੰ ਦਾਗ਼ ਲਗ ਰਿਹਾ ਹੈ। ਹੇ ਜਾਦਮ ਰਾਇਆ ! ਤੂੰ ਦਇਆਲੂ ਹੈਂ, ਕ੍ਰਿਪਾਲੂ ਕਿਹਾ ਜਾਂਦਾ ਹੈਂ, ਲੰਮੀਆਂ ਬਾਹਾਂ ਵਾਲਾ, ਭਾਵ, ਤੇਰੇ ਬਲ ਦੀ ਕੋਈ ਸੀਮਾ ਨਹੀਂ, ਤੂੰ ਅਤਿਅੰਤ ਬਲ ਸ਼ਾਲੀ, ਤੇ ਬੇਅੰਤ ਜਾਣਿਆ ਜਾਂਦਾ ਹੈਂ। ਇਸ ਕਰਕੇ ਤੂੰ ਮੇਰੇ ਵਲ ਦੇਹੁਰਾ, ਮੰਦਰ ਫ਼ੇਰ ਦਿਤਾ, ਘੁੰਮਾ ਦਿਤਾ ਤੇ ਪੰਡੀਆਂ ਨੂੰ ਮੰਦਰ ਦੀ ਪਿਠ ਦਿਖਾ ਦਿਤੀ।**"

'ਪੰਡਾ' ਤੇ 'ਪੰਡੀਆ' ਆਦਿ ਘੜੇ ਹੋਏ ਸ਼ਬਦ ਉਨ੍ਹਾਂ ਪੰਡਿਤਾਂ ਦੇ ਮਾੜੇ ਆਚਰਣ ਨੂੰ ਦਰਸਾਉਂਦੇ ਹਨ।

ਭੈਰਉ ਰਾਗ ਵਿਚ ਵੀ ਭਗਤ ਜੀ ਫ਼ੁਰਮਾ ਰਹੇ ਹਨ ਕਿ ਜੇ ਗੁਰੂ ਵਲ ਹੋ ਜਾਵੇ ਤਾਂ ਦੇਹੁਰਾ ਵੀ ਘੁੰਮ ਜਾਂਦਾ ਹੈ - 'ਜਉ ਗੁਰਦੇਉ ਦੇਹੁਰਾ ਫਿਰੈ।।'

ਪੰਨਾ ੭੩੩ ਤੇ ਆਪ ਜੀ ਦਸਦੇ ਹਨ ਕਿ ਉਨ੍ਹਾਂ ਦੀ ਹਰੀ ਨਾਲ ਪ੍ਰੀਤ ਲਗ ਗਈ, ਭਾਵੇਂ ਲੋਕ ਉਨ੍ਹਾਂ ਨੂੰ ਨੀਵੀਂ ਜਾਤਿ ਵਾਲਾ ਛੀਂਬਾ ਕਹਿ ਕੇ ਬੁਲਾਉਂਦੇ ਸਨ। ਹਰੀ ਨੇ ਵੀ ਖਤਰੀਆਂ ਬ੍ਰਾਹਮਣਾਂ ਨੂੰ ਪਿਠ ਦੇ ਦਿਤੀ ਤੇ ਨਾਮਦੇਵ ਜੀ ਨੂੰ ਪਿਆਰ ਨਾਲ ਆਪਣੇ ਮੁਖ ਨਾਲ ਲਾ ਲਿਆ - 'ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ।। ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ।।'

ਸ੍ਰੀ ਗੁਰੂ ਰਾਮਦਾਸ ਸਾਹਿਬ ਵੀ ਸਪੱਸ਼ਟ ਫ਼ੁਰਮਾਣ ਕਰਦੇ ਹਨ ਕਿ ਪਰਮਾਤਮਾ ਨੇ ਸਮੇਂ ਸਮੇਂ ਤੇ, ਹਰ ਜੁਗ ਵਿਚ ਭਗਤ ਪੈਦਾ ਕੀਤੇ ਹਨ ਅਤੇ ਉਨ੍ਹਾਂ ਦੀ ਪੈਜ ਵੀ ਰਖਦਾ ਆਇਆ ਹੈ, He kept on saving honour of His real devotees. ਹੰਕਾਰੀਆਂ ਨੂੰ ਉਸਨੇ ਪਿਠ ਦਿਖਾ ਕੇ, ਨਾਮਦੇਵ ਨੂੰ ਆਪਣੇ ਮੁਖ ਨਾਲ ਲਾ ਲਿਆ - 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।।...ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ।।'

ਭਾਈ ਗੁਰਦਾਸ ਜੀ ਨੇ ਵੀ ਇਸੇ ਗਲ ਦੀ ਗਵਾਹੀ ਭਰੀ ਹੈ ਕਿ ਭਗਤ ਨਾਮਦੇਵ ਜੀ ਲਈ ਮਰੀ ਹੋਈ ਗਾਂ ਵੀ ਪ੍ਰਭੂ ਨੇ ਜਿਵਾ ਦਿਤੀ, ਬੇਢੀ, ਕਾਰੀਗਰ ਬਣ ਕੇ, ਉਨ੍ਹਾਂ ਲਈ ਸੁੰਦਰ ਛੰਨ ਜਾਂ ਛਪੜੀ ਵੀ ਪਾ ਦਿਤੀ। ਇਜ਼ਤ ਰਖਣ ਲਈ, ਦੇਹੁਰਾ ਵੀ ਘੁੰਮਾ ਦਿਤਾ ਅਤੇ ਚਾਰੇ ਵਰਣਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਪੈਰਾਂ ਵਿਚ ਪਾ ਦਿਤਾ, ਇਹ ਸਭ ਕੁਝ ਭਗਤ ਜਨਾਂ ਦੇ ਕਹੇ ਤੇ ਕੀਤਾ - 'ਗਾਇ ਮੁਈ ਜੀਵਾਲਿਓਨੁ ਨਾਮਦੇਉ ਦਾ ਛਪਰ ਛਾਇਆ।। ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।। ਭਗਤ ਜਨਾ ਦਾ ਕਰੇ ਕਰਾਇਆ।।', ਵਾਰ ੧੦:੧੧.

ਕਈ ਪ੍ਰਮਾਣ ਹੋਣ ਦੇ ਬਾਵਜੂਦ, ਅਜ ਦੇ ਕਈ ਅਖਉਤੀ ਬੁਧੀ ਜੀਵੀਆਂ ਵਲੋਂ ਦੇਹੁਰਾ ਜਾਂ ਮੱਕਾ ਘੁੰਮਣ ਦੀਆਂ ਸਾਖੀਆਂ ਉਪਰ ਉਂਗਲ ਚੁਕ ਕੇ ਆਪਣੀ ਵਿਆਖਿਆ ਕਰਣੀ, ਕਿ ਮਨ ਘੁੰਮੇ ਸੀ, ਦੇਹੁਰਾ ਜਾਂ ਮੱਕਾ ਨਹੀਂ, ਬੁਧੀ-ਹੀਨਤਾ ਦਾ ਹੀ ਸਬੂਤ ਹਨ।

ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਸਾਹਿਬ ਲਈ ਕਾਅਬਾ ਦਾ ਘੁੰਮਣਾ ਵੀ ਅਤਿਕਥਨੀ ਨਹੀਂ। ਕਾਅਬਾ ਦੇ ਘੁੰਮਣ ਜਾਂ ਚਲਣ ਦੀਆਂ ਹੋਰ ਵੀ ਘਟਨਾਵਾਂ ਦੇ ਪ੍ਰਮਾਣ ਮਿਲਦੇ ਹਨ।

**ਹਜ਼ਰਤ ਇਬਾਨ** ਨੇ ਆਪਣੀ ਪੁਸਤਕ '**ਫ਼ਤੂਹਤ ਮਕੀਹ**' ਵਿਚ ਲਿਖਿਆ ਹੈ ਕਿ ਉਸ ਨੇ ਖ਼ੁਦ, ਕਾਅਬਾ ਨੂੰ ਚਲਦਿਆਂ ਵੇਖਿਆ ਹੈ।

ਇਸ ਤੋਂ ਇਲਾਵਾ, ਬਸਰਾ, ਇਰਾਕ ਦੀ ਇਕ, **ਹਜ਼ਰਤ ਰਾਬਿਆ ਬਸਰੀ** ਨਾਂ ਦੀ ਇਕ ਸੂਫ਼ੀ ਫ਼ਕੀਰ ਬੀਬੀ (Hazrat Rabia al-Qaysiyya, born between 95 and 99 Hijri or lived from 717 AD to 801 AD), ਕਾਅਬਾ ਵਲ, **ਰੱਬ ਦੇ ਘਰ** ਦੀ ਤਲਾਸ਼ ਵਿਚ ਇਕ ਮਾਰੂਥਲ ਵਿਚੋਂ ਲੰਘ ਰਹੀ ਸੀ ਤਾਂ ਉਸ ਨੇ ਕਾਅਬਾ ਨੂੰ ਆਪਣੇ ਵਲ '**ਜੀ ਆਇਆਂ ਨੂੰ**' ਜਾਂ welcome ਕਰਣ ਨੂੰ ਆਉਂਦਿਆਂ ਵੇਖਿਆ। ਪਿਛੋਂ ਕਾਅਬਾ ਦੇ ਅਸਥਾਨ ਤੇ **ਹਜ਼ਰਤ ਇਬਰਾਹਿਮ (ਬਿਨ ਅਧਮ) ਆਜ਼ਮ** ਮੱਕਾ ਗਏ ਤਾਂ ਹੈਰਾਨੀ ਨਾਲ ਵੇਖਦੇ ਹਨ ਕਿ ਕਾਅਬਾ ਤਾਂ ਆਪਣੀ ਥਾਂ ਤੇ ਹੈ ਹੀ ਨਹੀਂ। ਉਨ੍ਹਾਂ ਨੂੰ ਲਗਿਆ ਕਿ ਸ਼ਾਇਦ ਉਨ੍ਹਾਂ ਦੀਆਂ ਅੱਖਾਂ ਦੀ ਰੌਸ਼ਨੀ ਘਟ ਹੋ ਗਈ ਹੈ ਪਰ ਤਦ ਹੀ ਉਨ੍ਹਾਂ ਨੂੰ ਗ਼ੈਅਬੀ ਆਵਾਜ਼ ਆਈ ਕਿ ਤੇਰੀਆਂ ਅੱਖਾਂ ਤਾਂ ਠੀਕ ਹਨ। 'ਕਾਅਬਾ' ਤਾਂ ਰਾਬਿਆ ਨੂੰ ਲੈਣ ਗਿਆ ਹੋਇਆ ਹੈ। ਪਰ ਰਾਬਿਆ ਨੇ ਅਗੋਂ ਕਹਿ ਦਿਤਾ ਕਿ ਉਹ ਤਾਂ '**ਰੱਬ ਦੇ ਘਰ**' ਦੀ ਤਲਾਸ਼ ਵਿਚ ਹੈ, ਉਸ ਦੇ ਇਸ ਕਹਿੰਦੇ ਕਹਾਉਂਦੇ ਘਰ, 'ਕਾਅਬਾ' ਦੀ ਉਸ ਨੂੰ ਲੋੜ ਨਹੀਂ। ਤਾਂ 'ਕਾਅਬਾ' ਵਾਪਸ ਆ ਗਿਆ। (Tazkirat al-Awliayah, page 62. This is a collection of 39 Sufi saints and their miracles by the 12th-13th century Persian poet and mystic, Farid al-Din Attar)

ਅਨੇਕ ਹਨ ਰੱਬ ਦੇ ਭਗਤ ਅਤੇ ਅਨੰਤ ਹੈ ਵਾਹਗੁਰੂ ! ਤੇਰੀ ਕੁਦਰਤ ਤੂਹੈਂ ਜਾਣੇ !

ਵਾਹ ! ਵਾਹ ! ਵਾਹ ! ਵਾਹ ! ਵਾਹ ! ਗੁਰੂ ! ਤੂੰ ਧੰਨ ਹੈਂ ! ਤੇਰੇ ਰਸਤੇ ਦੇ ਪਾਂਧੀ ਵੀ ਧੰਨ ਹਨ !!!

